WIKIPEDIA

# ਕਬਾਲਾ

**ਕਬਾਲਾ** (ਹਿਬਰੂ: קַבָּלָה[1]) ਯਹੂਦੀ ਰਹੱਸਵਾਦ ਦੀ ਇੱਕ ਕਿਸਮ ਹੈ। ਇੱਕ ਰਵਾਇਤੀ ਕਬਾਲਾ ਪੈਰੋਕਾਰ ਨੂੰ *ਮੇਕੁਬਲ* ਕਿਹਾ ਜਾਂਦਾ ਹੈ। (ਹਿਬਰੂ: מְקוּבָּל).



ਕਬਾਲਾ ਦੇ ਪ੍ਰਮੁੱਖ ਗ੍ਰੰਥ ਜ਼ੋਹਾਰ ਦਾ ਪਹਿਲਾ ਛਪਿਆ ਸੰਸਕਰਣ

ਕਬਾਲਾ ਦੀਆਂ ਜੜ੍ਹਾਂ ਯਹੂਦੀ ਧਰਮ ਵਿੱਚ ਹਨ ਅਤੇ ਇਸਦੇ ਪੈਰੋਕਾਰ ਆਪਣੇ ਰਹੱਸਵਾਦ ਦੀ ਵਿਆਖਿਆ ਲਈ ਯਹੂਦੀ ਸਰੋਤਾਂ ਦੀ ਹੀ ਵਰਤੋਂ ਕਰਦੇ ਹਨ। ਉਹ ਇਨ੍ਹਾਂ ਦੀ ਵਰਤੋਂ ਕਰਕੇ ਯਹੂਦੀ ਧਰਮਗ੍ਰੰਥਾਂ, ਰਵਾਇਤਾਂ ਅਤੇ ਕਰਮ-ਕਾਂਡਾਂ ਦੇ ਅੰਤਰੀਵ ਅਰਥਾਂ ਨੂੰ ਖੋਲ੍ਹਣ ਦਾ ਦਾਅਵਾ ਕਰਦੇ ਹਨ।[2]

ਕਬਾਲਾ ਦਾ ਜਨਮ 12ਵੀਂ ਅਤੇ 13ਵੀਂ ਸਦੀ ਵਿੱਚ ਦੱਖਣੀ ਫ਼ਰਾਂਸ ਅਤੇ ਸਪੇਨ ਵਿੱਚ ਹੋਇਆ, ਅਤੇ 16ਵੀਂ ਸਦੀ ਦੇ ਓਟੋਮਾਨ ਫ਼ਲਸਤੀਨ ਵਿੱਚ ਇਸਨੂੰ ਨਵੇਂ ਅਰਥ ਪ੍ਰਦਾਨ ਕੀਤੇ ਗਏ। ਆਇਜ਼ਕ ਲੂਰੀਆ ਨੂੰ ਕਬਾਲਾ ਦਾ ਪਿਤਾਮਾ ਮੰਨਿਆ ਜਾਂਦਾ ਹੈ। ਵੀਹਵੀਂ ਸਦੀ ਵਿੱਚ ਯਹੂਦੀ ਉਦਾਰਵਾਦ ਅਤੇ ਸੁਧਾਰ ਦੇ ਦੌਰ ਵਿੱਚ ਕਬਾਲਾ ਵੱਲ ਲੋਕਾਂ ਦਾ ਰੁਝਾਨ ਵਧਿਆ ਅਤੇ ਇਸਦਾ ਦਾਇਰਾ ਗ਼ੈਰ-ਯਹੂਦੀ ਸਮਕਾਲੀ ਰਹੱਸਵਾਦ ਤੱਕ ਵਧਿਆ।

## ਹਵਾਲੇ


1. "קַבָּלָה" (http://www.morfix.co.il/קַבָּלָה). *Morfix™, ™מורפיקס*. Melingo Ltd. Retrieved 19 November 2014.
2. "Imbued with Holiness" (http://www.kabbalaonline.org/kabbalah/article_cdo/aid/380313/jewish/Imbued-with-Holiness.htm) - The relationship of the esoteric to the exoteric (https://en.wikipedia.org/wiki/Exoteric) in the fourfold Pardes (https://en.wikipedia.org/wiki/Pardes_(Jewish_exegesis)) interpretation of Torah and existence.


"https://pa.wikipedia.org/w/index.php?title=ਕਬਾਲਾ&oldid=362082" ਤੋਂ ਲਿਆ

**ਇਸ ਸਫ਼ੇ ਵਿੱਚ ਆਖ਼ਰੀ ਸੋਧ 2 ਫ਼ਰਵਰੀ 2017 ਨੂੰ 11:49 ਵਜੇ ਹੋਈ।**

ਇਹ ਲਿਖਤ Creative Commons Attribution/Share-Alike License ਦੇ ਤਹਿਤ ਉਪਲਬਧ ਹੈ; ਵਾਧੂ ਸ਼ਰਤਾਂ ਲਾਗੂ ਹੋ ਸਕਦੀਆਂ ਹਨ। ਤਫ਼ਸੀਲ ਲਈ ਵਰਤਣ ਦੀਆਂ ਸ਼ਰਤਾਂ ਵੇਖੋ।

Wikipedia® ਮੁਨਾਫ਼ਾ ਨਾ ਕਮਾਉਣ ਵਾਲ਼ੀ ਵਿਕੀਮੀਡੀਆ ਫ਼ਾਊਂਡੇਸ਼ਨ, ਇਨਕੌਰਪੋਰੇਟਡ ਦਾ ਰਜਿਸਟ੍ਰਡ ਟ੍ਰੇਡਮਾਰਕ ਹੈ।